ਦਫਤਰ: ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਭ ਤੇ ਮ ਸਾਖਾ, ਰੂਪਨਗਰ
ਈ-ਮੇਲ:- pwdropar@yahoo.co.in ਫੋਨ ਨੰ: 01881-222934

ਸੇਵਾ ਵਿਖੇ

Jio Digital fibre Private Limited,
C-135 Phase-VII , Industrial Area,
S.A.S. Nangar, Mohali.

ਪੱਤਰ ਨੰਬਰ:- 5414 ਮਿਤੀ:- 09-6-21

ਵਿਸ਼ਾ:- Proposal for Grant of Permission to JIO Digital Fiber Private Limited for laying Opitical Fiber Cable by HDD from Nurpur Bedi Balachour Ch 350 to Punjab Himchal Border From Nurpur bedi Ch- 31200 via Santokhgarh , Jatipur, Kartarpur, Hyatpur, Sukhemajra , Manak Majra, Barrian, Dumewal – Algran bridge – Bhallan – Nangran-Bhattoan – Sehjowal to Himchal Border (Santokhgarh).

ਹਵਾਲਾ :- ਆਪ ਜੀ ਦਾ ਪੱਤਰ ਨੰਬਰ JDFPL/ ROW/20 ਮਿਤੀ 28-05-2021

ਉਪਰੋਕਤ ਵਿਸ਼ੇ ਤੇ ਹਵਾਲੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਵੱਲੋਂ ਉਕਤ ਸੜਕ ਤੇ OFC Cable ਪਾਉਣ ਲਈ ਜੋ ਰੋਡ ਕੱਟ ਲਗਾਇਆ ਜਾਣਾ ਹੈ, , ਉਸ ਲਈ ਲੋੜੀਦੀ ਧੰਨ ਰਾਸੀ ਆਪ ਵੱਲੋਂ ਹਵਾਲੇ ਅਧੀਨ ਪੱਤਰ ਨਾਲ Demand Draft No. 758630 dated 17-05-2021 ਨਾਲ ਰਕਮ 4,13,750/- ਰੁਪਏ ਅਤੇ ਬੈਂਕ ਗਾਰੰਟੀ BG No. 401012102477 dated 15-05-2021 ਰਕਮ 15,77,000/- ਰੁਪਏ ਇਸ ਦਫਤਰ ਵਿੱਚ ਜਮਾਂ ਕਰਵਾਈ ਗਈ ਹੈ, ਉਸ ਅਨੁਸਾਰ ਰੋਡ ਕੱਟ ਲਗਾਉਣ ਦੀ ਲੋੜੀਦੀ ਐਨ.ਓ.ਸੀ. ਹੇਠ ਦਿੱਤੀਆਂ ਸਰਤਾਂ ਅਨੁਸਾਰ ਜਾਰੀ ਕੀਤੀ ਜਾਂਦੀ ਹੈ:-

OFC Cable ਪਾਉਣ ਤੋਂ ਪਹਿਲਾ ਜਿਲ੍ਹਾ ਪ੍ਰੀਸਦ/ਵਣ ਵਿਭਾਗ ਤੋਂ ਐਨ.ਓ.ਸੀ. ਲੈ ਲਈ ਜਾਵੇ।

1) OFC Cable ਪੀ.ਡਬਲਯੂ.ਡੀ ਦੀ ਰਾਇਟ ਆਫ ਵੇਅ ਦੇ ਆਖਰੀ ਹੱਦ ਵਿੱਚ ਪਾਈ ਜਾਵੇ।
2) ਪੁੱਲਾ ਦੀਆਂ ਅਪਰੋਚਾਂ ਵਿੱਚ ਕੇਬਲ ਹਾਈ ਇੰਮਬੈਂਕਮੇਂਟ ਵਾਲੀ ਥਾਂ ਤੇ ਟੋਅ ਵਿੱਚ ਪਾਈ ਜਾਵੇ।
3) ਪਿੱਟ ਅਤੇ ਮੈਨ ਹੋਲ ਆਈ.ਆਰ.ਸੀ ਦੀਆਂ ਸਰਤਾਂ ਅਨੁਸਾਰ ਬਣਾਏ ਜਾਣ ਅਤੇ ਇਸ ਦੀ ਸਲੈਬ ਦਾ ਲੇਵਲ ਰੋਡ ਲੇਵਲ ਤੋਂ ਉਚਾ ਨਾ ਰੱਖਿਆ ਜਾਵੇ।
4) ਜੇਕਰ ਆਪ ਵੱਲੋਂ ਪਾਈ ਜਾਂਦੀ ਕੇਬਲ ਦੇ ਰਸਤੇ ਵਿੱਚ ਕੋਈ ਸਟਰੱਕਚਰ ਜਾਂ ਕੋਈ ਆਬਸਟਰੇਕਸਨ ਆਉਂਦੀ ਹੈ ਤਾਂ ਆਪ ਆਪਣੇ ਪੱਧਰ ਤੇ ਕੇਬਲ ਦਾ ਰੂਟ ਬਦਲਣ ਲਈ ਪਾਬੰਦ ਹੋਵੇਗੇ।
5) OFC Cable ਪਾਉਣ ਦਾ ਕੰਮ ਪੂਰਾ ਹੋਣ ਉਪਰੰਤ ਨਾਲ ਦੀ ਨਾਲ ਦੀ ਰੀਸਟੋਰ ਕੀਤਾ ਜਾਵੇ, ਤਾਂ ਜੋ ਕਿਸੇ ਕਿਸਮ ਦੀ ਦੁਰਘਟਨਾ ਨਾ ਵਾਪਰ ਸਕੇ।
6) ਕੰਮ ਕਰਨ ਦੌਰਾਨ ਜੇਕਰ ਕੋਈ ਜਾਨੀ ਜਾਂ ਮਾਲੀ ਨੁਕਸਾਨ ਹੁੰਦਾ ਹੈ ਤਾਂ ਆਪ ਖੁਦ ਜਿੰਮੇਵਾਰ ਹੋਵੋਗੇ।
7) ਕੰਮ ਕਰਨ ਦੌਰਾਨ ਜੇਕਰ ਸੜ੍ਹਕ ਜਾਂ ਸੜ੍ਹਕ ਦੇ ਕਿਸੇ ਸਟਰੱਕਚਰ ਦਾ ਨੁਕਸਾਨ ਹੁੰਦਾ ਹੈ ਤਾਂ ਆਪ ਇਸ ਦੀ ਪੂਰਤੀ ਦੇ ਪਾਬੰਦ ਹੋਵੋਗੇ।
8) ਭਵਿੱਖ ਵਿੱਚ ਜੇਕਰ ਸੜ੍ਹਕ ਨੂੰ ਚੌੜਾ ਕੀਤਾ ਜਾਂਦਾ ਹੈ ਤਾਂ ਪਾਈ ਗਈ ਕੇਬਲ ਨੂੰ ਆਪ ਆਪਣੇ ਪੱਧਰ ਤੇ ਪਿਛੇ ਹਟਾਵੋਗੇ ਅਤੇ ਆਪ ਕਿਸੇ ਵੀ ਮੁਆਵਜੇ ਦੇ ਹੱਕਦਾਰ ਨਹੀਂ ਹੋਵੋਗੇ।
9) ਆਪ ਵੱਲੋਂ ਕੰਮ ਸੁਰੂ ਕਰਨ ਤੋਂ ਪਹਿਲਾਂ ਸਬੰਧਤ ਉਪ ਮੰਡਲ ਇੰਜੀਨੀਅਰ ਨੂੰ ਸੂਚਿਤ ਕੀਤਾ ਜਾਵੇ।
10) ਇਹ ਕੇਬਲ ਮਹਿਕਮਾ ਲੋਕ ਨਿਰਮਾਣ ਵਿਭਾਗ ਦੀ ਲੈਂਡ ਬਾਊਂਡਰੀ ਦੇ ਅਖੀਰ ਵਿੱਚ ਪਾਈ ਜਾਵੇ।

ਨੱਥੀ/-

ਕਾਰਜਕਾਰੀ ਇੰਜੀਨੀਅਰ
ਉਸਾਰੀ ਮੰਡਲ ਭ ਤੇ ਮ ਸਾਖਾ,
ਰੂਪਨਗਰ।
ਮਿਤੀ:-

ਪਿੱਠ ਅੰਕਣ ਨੰਬਰ:-

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ , ਪ੍ਰਾਂਤਕ ਉਪ ਮੰਡਲ ਅਤੇ ਉਸਾਰੀ ਉਪ ਮੰਡਲ ਭ ਤੇ ਮ ਸਾਖਾ , ਸ੍ਰੀ ਅਨੰਦਪੁਰ ਸਾਹਿਬ ਨੂੰ ਇਸ ਦਫਤਰ ਦੇ ਪਿੱਠ ਅੰਕਣ ਨੰਬਰ 4068-69 ਮਿਤੀ 03-05-2021 ਅਤੇ 5192-93 ਮਿਤੀ 1-06-2021 ਦੇ ਸਬੰਧ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਨੱਥੀ/-

ਕਾਰਜਕਾਰੀ ਇੰਜੀਨੀਅਰ
ਉਸਾਰੀ ਮੰਡਲ ਭ ਤੇ ਮ ਸਾਖਾ,
ਰੂਪਨਗਰ।

Scanned with CamScanner